**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ**
**ਐਸ.ਸੀ.ਓ. ਨੰ: 104-106, ਸੈਕਟਰ 34-ਏ, ਚੰਡੀਗੜ੍ਹ**

**ਵਲੋਂ :** **ਕ੍ਰਿਸ਼ਨ ਕੁਮਾਰ, ਆਈ.ਏ.ਐਸ.**

**9/5-2010/ਐਫਟੀਬੀ/SSA/036839** **ਮਿਤੀ:- 12/05/10**

**ਵਿਸ਼ਾ** **ਵਿਦਿਅਕ ਸਾਲ 2010-11 ਲਈ ਵਿਦਿਆਰਥੀਆਂ ਨੂੰ ਕਿਤਾਬਾਂ ਵੰਡਣ ਬਾਰੇ ।**

1.0 ਉਪਰੋਕਤ ਵਿਸ਼ੇ ਤੇ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠਾ ਮਿਤੀ 2.9.2009 ਨੂੰ ਹੋਈ ਮੀਟਿੰਗ ਅਤੇ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਜੀ ਨਾਲ ਮਿਤੀ 5.5.2010 ਨੂੰ ਹੋਈ ਮੀਟਿੰਗ ਦੇ ਦੌਰਾਨ ਹੋਏ ਵਿਚਾਰ ਵਟਾਂਦਰੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਪੰਜਾਬ ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਅਤੇ ਟੈਕਸਟ ਬੁੱਕਸ ਕੋਆਰਡੀਨੇਟਰਾਂ ਦੀ ਇਕ ਮੀਟਿੰਗ ਕੀਤੀ ਗਈ ਹੈ ਅਤੇ ਆਪ ਜੀ ਵੱਲੋਂ ਵੰਡੀਆਂ ਗਈਆਂ ਪਾਠ ਪੁਸਤਕਾਂ ਅਤੇ ਅਭਿਆਸ ਪੁਸਤਕਾਂ ਦਾ ਜਾਇਜਾ ਲਿਆ ਗਿਆ ਹੈ ਜੋ ਕਿ ਹੇਠਾ ਅਨੁਸਾਰ ਹੈ :-

**30 ਅਪ੍ਰੈਲ ਤੱਕ ਵੰਡੀਆਂ ਗਈਆਂ ਪਾਠ ਅਤੇ ਅਭਿਆਸ ਪੁਸਤਕਾਂ ਦਾ ਵੇਰਵਾ:-**

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਲੋੜੀਂਦੀਆਂ ਕਿਤਾਬਾਂ ਦੀ ਗਿਣਤੀ | ਪ੍ਰਾਪਤ ਕਿਤਾਬਾਂ ਦੀ ਗਿਣਤੀ | ਘੱਟ ਪ੍ਰਾਪਤ ਹੋਈਆਂ ਕਿਤਾਬਾਂ |
|---|---|---|---|---|
| 1. | ਅੰਮ੍ਰਿਤਸਰ | 1211397 | 1009840 | 201557 |
| 2. | ਬਰਨਾਲਾ | 417039 | 360803 | 56236 |
| 3. | ਬਠਿੰਡਾ | 749083 | 674484 | 74599 |
| 4. | ਫ਼ਰੀਦਕੋਟ | 420118 | 331742 | 88376 |
| 5. | ਫ਼ਿਰੋਜ਼ਪੁਰ | 1202154 | 1063928 | 138226 |

| | | | | |
|---|---|---|---|---|
| 6. | ਫ਼ਤਿਹਗੜ੍ਹ ਸਾਹਿਬ | 398199 | 311568 | 86631 |
| 7. | ਗੁਰਦਾਸਪੁਰ | 669558 | 417683 | 251875 |
| 8. | ਹੁਸ਼ਿਆਰਪੁਰ | 901166 | 782305 | 118861 |
| 9. | ਜਲੰਧਰ | 1022092 | 901220 | 120872 |
| 10. | ਕਪੂਰਥਲਾ | 607176 | 582417 | 24759 |
| 11. | ਲੁਧਿਆਣਾ | 1307919 | 1086349 | 221570 |
| 12. | ਮਾਨਸਾ | 589782 | 463063 | 126719 |
| 13. | ਮੋਗਾ | 702924 | 519181 | 183743 |
| 14. | ਸ.ਅ.ਸ.ਨਗਰ | 385140 | 279288 | 105852 |
| 15. | ਮੁਕਤਸਰ | 571856 | 433491 | 138365 |
| 16. | ਸ਼.ਭ.ਸ.ਨਗਰ | 385192 | 279211 | 105981 |
| 17. | ਪਟਿਆਲਾ | 966558 | 917078 | 49480 |
| 18. | ਰੂਪਨਗਰ | 620138 | 620138 | 0 |
| 19. | ਸੰਗਰੂਰ | 542527 | 440723 | 101804 |
| 20. | ਤਰਨ ਤਾਰਨ | 771548 | 709230 | 62318 |
| **ਕੁੱਲ ਜੋੜ** | | **14441566** | **12183742** | **2257824** |

**30 ਅਪ੍ਰੈਲ ਤੱਕ ਵੰਡੀਆਂ ਗਈਆਂ ਕੰਪਿਊਟਰ ਵਿਸ਼ੇ ਦੀਆਂ ਪੁਸਤਕਾਂ ਦਾ ਵੇਰਵਾ:**

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਲੋੜੀਂਦੀਆਂ ਕਿਤਾਬਾਂਦੀ ਗਿਣਤੀ | ਪ੍ਰਾਪਤ ਕਿਤਾਬਾਂ ਦੀ ਗਿਣਤੀ | ਘੱਟ ਪ੍ਰਾਪਤ ਹੋਈਆਂ ਕਿਤਾਬਾਂ |
|---|---|---|---|---|
| 1. | ਅੰਮ੍ਰਿਤਸਰ | 104119 | 58712 | 45407 |
| 2. | ਬਰਨਾਲਾ | 34100 | 18724 | 15376 |
| 3. | ਬਠਿੰਡਾ | 60433 | 24480 | 35953 |
| 4. | ਫ਼ਿਰੋਜ਼ਪੁਰ | 83405 | 20307 | 63098 |
| 5. | ਫ਼ਤਿਹਗੜ੍ਹ ਸਾਹਿਬ | 31247 | 21782 | 9465 |
| 6. | ਫ਼ਰੀਦਕੋਟ | 36500 | 29317 | 7183 |
| 7. | ਗੁਰਦਾਸਪੁਰ | 130643 | 91588 | 39055 |
| 8. | ਹੁਸ਼ਿਆਰਪੁਰ | 83884 | 36392 | 47492 |
| 9. | ਜਲੰਧਰ | 85494 | 45708 | 39786 |
| 10. | ਕਪੂਰਥਲਾ | 41156 | 38828 | 2328 |
| 11. | ਲੁਧਿਆਣਾ | 111932 | 41799 | 70133 |
| 12. | ਮੋਗਾ | 53861 | 26271 | 27590 |

| | | | | |
|---|---|---|---|---|
| 13. | ਮਾਨਸਾ | 50712 | 26814 | 23898 |
| 14. | ਸ.ਅ.ਸ.ਨਗਰ | 34286 | 31601 | 2685 |
| 15. | ਮੁਕਤਸਰ | 40680 | 36318 | 4362 |
| 16. | ਸ਼.ਭ.ਸ.ਨਗਰ | 34173 | 13185 | 20988 |
| 17. | ਪਟਿਆਲਾ | 88789 | 66108 | 22681 |
| 18. | ਰੂਪਨਗਰ | 39833 | 27751 | 12082 |
| 19. | ਸੰਗਰੂਰ | 89000 | 30478 | 58522 |
| 20. | ਤਰਨ ਤਾਰਨ | 63495 | 36530 | 26965 |
| **ਕੁੱਲ ਜੋੜ** | | **1297742** | **722693** | **575049** |

3.0 ਉਪਰੋਕਤ ਤੋਂ ਇਹ ਗੱਲ ਸੱਪਸ਼ਟ ਹੋ ਜਾਂਦੀ ਹੈ ਕਿ 1.44 ਕਰੋੜ ਵੰਡਣ ਵਾਲੀਆਂ ਕਿਤਾਬਾਂ ਵਿੱਚੋਂ 28.32 ਲੱਖ ਕਿਤਾਬਾਂ ਅੱਜੇ ਵੀ ਵੰਡਣੀਆਂ ਰਹਿੰਦੀਆਂ ਹਨ ਜੋ ਕਿ ਕੁੱਲ ਕਿਤਾਬਾਂ ਦਾ 20 × ਹੈ । ਇਸ ਸਬੰਧ ਵਿੱਚ ਸਮੇਂ ਸਮੇਂ ਸਿਰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅਧਿਕਾਰੀਆਂ ਨਾਲ ਵੀ ਤਾਲਮੇਲ ਕੀਤਾ ਗਿਆ ਹੈ ਅਤੇ ਸਕੂਲਾਂ ਨੂੰ ਵੀ ਸ਼ਖਤ ਹਦਾਇਤਾਂ ਕੀਤੀਆਂ ਗਈਆਂ ਹਨ ਪਰੰਤੂ ਅਜੇ ਤੀਕ ਸਥਿਤੀ ਵਿੱਚ ਕੋਈ ਸੁਧਾਰ ਨਹੀਂ ਹੋਇਆ ਹੈ ਭਾਵੇਂ ਕਿ ਆਪ ਜੀ ਵੱਲੋਂ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਜੀ ਨਾਲ ਹੋਈ ਮੀਟਿੰਗ ਵਿੱਚ ਭਰੋਸਾ ਦਵਾਇਆ ਗਿਆ ਸੀ ਕਿ 10 ਮਈ, 2010 ਤੀਕ ਸਾਰੀਆਂ ਕਿਤਾਬਾਂ ਸਕੂਲਾਂ ਵਿੱਚ ਪਹੁੰਚਾ ਦਿੱਤੀਆਂ ਜਾਣਗੀਆਂ ਜੋ ਕਿ ਅਜੇ ਤੀਕ ਨਹੀਂ ਪਹੁੰਚੀਆਂ ਹਨ । ਕਿਉਂ ਕਿ ਨਿਮਨਹਸਤਾਖਰਿਤ ਨੇ 10 ਮਈ, 2010 ਨੂੰ ਕੁੱਝ ਸਕੂਲਾਂ ਅਤੇ ਜ਼ਿਲ੍ਹਾ ਸਿੱਖਿਆ ਅਫਸਰਾਂ ਨਾਲ ਟੈਲੀਫੋਨ ਤੇ ਵਿਚਾਰ ਵਟਾਂਦਰਾ ਕੀਤਾ ਹੈ ਅਤੇ ਇਸ ਤੋਂ ਇਲਾਵਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਕੂਲਾਂ ਦੇ ਵਿੱਚ ਵਿਸ਼ੇਸ਼ ਕਰਕੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਕਿਤਾਬਾਂ ਇਸ ਕਰਕੇ ਨਹੀਂ ਦਿੱਤੀਆਂ ਜਾ ਰਹੀਆਂ ਕਿਉਂ ਕਿ ਇਹ ਗਿਣਤੀ ਭਲਾਈ ਵਿਭਾਗ ਵੱਲੋਂ ਦੱਸੀ ਗਿਣਤੀ ਤੋਂ ਵੱਧ ਦੱਸੀ ਜਾ ਰਹੀਂ ਹੈ । ਹੁਣ ਕਿਉਂ ਕਿ ਰਾਈਟ ਆਫ ਚਿਲਡਰਨ ਟੂ ਫਰੀ ਐਂਡ ਕੰਪਲਸਰੀ ਐਜੂਕੇਸ਼ਨ ਐਕਟ 2009 ਲਾਗੂ ਹੋ ਚੁੱਕਿਆ ਹੈ, ਬੋਰਡ ਨੂੰ ਚਾਹੀਦਾ ਹੈ ਕਿ ਕਿਸੇ ਪੱਖ-ਪਾਤ ਤੋਂ ਬਿਨਾਂ ਜਿਹੜੇ ਵੀ ਵਿਦਿਆਰਥੀ ਸਕੂਲਾਂ ਵਿੱਚ ਦਾਖਲ ਹਨ, ਨੂੰ ਕਿਤਾਬਾਂ

ਮੁਹੱਈਆ ਕਰਵਾਇਆਂ ਜਾਣ । ਜੇਕਰ ਇਸ ਸਬੰਧ ਵਿੱਚ ਹੋਰ ਪੈਸੇ ਦੀ ਲੋੜ ਹੈ ਤਾਂ ਬਾਅਦ ਵਿੱਚ ਬੋਰਡ ਵੱਲੋਂ ਭਲਾਈ ਵਿਭਾਗ ਨਾਲ ਮਾਮਲਾ ਟੇਕ ਅਪ ਕੀਤਾ ਜਾ ਸਕਦਾ ਹੈ । ਇਸੀ ਤਰ੍ਹਾਂ ਜੇਕਰ ਗੈਰ-ਅਨੁਸੂਚਿਤ ਜਾਤਾਂ ਦੇ ਵਿਦਿਆਰਥੀਆਂ ਨੂੰ ਕਿਤਾਬਾਂ ਦੀ ਲੋੜ ਹੈ ਤਾਂ ਸਰਵ ਸਿੱਖਿਆ ਅਭਿਆਨ ਯਾਣੀ ਕਿ ਨਿਮਨਹਸਤਾਖਰਿਤ ਦੇ ਨਾਲ ਇਹ ਮਾਮਲਾ ਵਿਚਾਰਿਆ ਜਾ ਸਕਦਾ ਹੈ ।

4.0 ਇਹ ਇਕ ਬਹੁਤ ਹੀ ਗੰਭੀਰ ਮਾਮਲਾ ਹੈ ਅਤੇ ਪਿਛਲੇ ਸਾਲ ਪੰਜਾਬ ਵਿਧਾਨ ਸਭਾ ਵਿੱਚ ਮਾਨਯੋਗ ਮੈਂਬਰਾਂ ਵੱਲੋਂ ਉਠਾਇਆ ਗਿਆ ਸੀ । ਆਪ ਜੀ ਨੂੰ ਪਤਾ ਹੋਵੇਗਾ ਕਿ ਮਾਨਯੋਗ ਸਿੱਖਿਆ ਮੰਤਰੀ ਵੱਲੋਂ ਇਸ ਬਾਰੇ ਪੰਜਾਬ ਵਿਧਾਨ ਸਭਾ ਵਿੱਚ ਇਕ ਬਿਆਨ ਵੀ ਦਿੱਤਾ ਗਿਆ ਸੀ ।

5.0 ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਕੂਲਾਂ ਦੇ ਵਿੱਚ ਕਿਤਾਬਾਂ ਦੀ ਵੰਡ ਨੂੰ ਛੇਤੀ ਤੋਂ ਛੇਤੀ ਯਕੀਨੀ ਬਣਾਇਆ ਜਾਵੇ ਕਿਉਂ ਕਿ ਇਸ ਸਾਲ ਦੇ ਡੇਢ ਮਹੀਨੇ ਦਾ ਸਮਾਂ ਪਹਿਲਾਂ ਹੀ ਬੀਤ ਚੁੱਕਾ ਹੈ । ਸਕੂਲਾਂ ਦੇ ਵਿੱਚ ਵਿਦਿਆਰਥੀਆਂ ਦੇ ਹੱਥਾਂ ਵਿੱਚ ਇਸ ਵਕਤ ਤੀਕ ਕਿਤਾਬਾਂ ਦਾ ਨਾ ਹੋਣਾ ਸਰਕਾਰ ਅਤੇ ਵਿਭਾਗ ਲਈ ਚਿੰਤਾ ਦਾ ਮਾਮਲਾ ਹੈ । ਜੇਕਰ ਜ਼ਿਲਿਆਂ / ਵਿਭਾਗ ਨਾਲ ਕਿਸੇ ਵੀ ਤਾਲਮੇਲ ਦੀ ਸਮੱਸਿਆ ਹੈ ਤਾਂ ਨਿਮਨਹਸਤਾਖਰਿਤ ਨੂੰ ਮੋਬਾਇਲ ਨੰ 94641 65919 ਤੇ ਤੁਰੰਤ ਸੂਚਿਤ ਕਰਨ ਦੀ ਖੇਚਲ ਕੀਤੀ ਜਾਵੇ ।

ਹਿਤੂ,

(ਕ੍ਰਿਸ਼ਨ ਕੁਮਾਰ)

ਡਾ ਦਲਬੀਰ ਸਿੰਘ ਢਿੱਲੋਂ,
ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ,
ਮੋਹਾਲੀ ।

ਪਿਠ ਅੰਕਣ ਨੰ ਮਿਤੀ

ਇਸ ਦਾ ਉਤਾਰਾ ਹੇਠਾਂ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

(1) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਭਲਾਈ ਵਿਭਾਗ, ਚੰਡੀਗੜ੍ਹ;

(2) ਓ.ਐਸ.ਡੀ.ਮੁੱਖ ਮੰਤਰੀ, ਪੰਜਾਬ, ਚੰਡੀਗੜ੍ਹ;

(3) ਪ੍ਰਾਈਵੇਟ ਸਕੱਤਰ / ਸਿੱਖਿਆ ਮੰਤਰੀ ਪੰਜਾਬ, ਚੰਡੀਗੜ੍ਹ ਨੂੰ ਮਾਨਯੋਗ ਸਿੱਖਿਆ ਮੰਤਰੀ ਜੀ ਦੀ ਜਾਣਕਾਰੀ ਹਿੱਤ ;

(4) ਪ੍ਰਾਈਵੇਟ ਸਕੱਤਰ / ਪ੍ਰਮੁੱਖ ਸਕੱਤਰ ਸਕੂਲ ਸਿੱਖਿਆ, ਪੰਜਾਬ, ਚੰਡੀਗੜ੍ਹ ਨੂੰ ਮਾਨਯੋਗ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਜੀ ਦੀ ਜਾਣਕਾਰੀ ਹਿੱਤ;

(5) ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਹ ਆਪਣੇ ਪੱਧਰ ਤੇ ਜ਼ਿਲ੍ਹਾ ਭਲਾਈ ਅਫਸਰ ਅਤੇ ਸਕੂਲਾਂ ਦੇ ਮੁੱਖਿਆਂ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਡਿਪੋ ਹੋਲਡਰਾਂ ਨਾਲ ਰਾਬਤਾ ਪੈਦਾ ਕਰਨ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ